# ਵਿਵਹਾਰਕ ਹੁਨਰ

# ਕੇ-6 ਪਾਠਕ੍ਰਮ ਦਾ ਖਰੜਾ

### ਅਸਲ ਦੁਨੀਆਂ 'ਚ ਕਾਮਯਾਬ ਹੋਣ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਾਂ

---

## ਕੇ-6 ਪਾਠਕ੍ਰਮ ਖਰੜੇ 'ਚ ਵਿਵਹਾਰਕ ਹੁਨਰ

ਵਿਦਿਆਰਥੀ ਵਿਵਹਾਰਕ ਕਿਸਮ ਦੇ ਹੁਨਰਾਂ ਨਾਲ ਲੈਸ ਹੋਣਗੇ ਜਿਹੜੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਨਿੱਜੀ ਜ਼ਿੰਦਗੀਆਂ ਅਤੇ ਕਿੱਤਿਆਂ 'ਚ ਫਾਇਦੇ ਦੇਣੇ ਜਾਰੀ ਰੱਖ ਸਕਦੇ ਹਨ।

ਪਾਠਕ੍ਰਮ ਹੁਣ ਵਿਦਿਆਰਥੀਆਂ ਨੂੰ ਜ਼ਿੰਮੇਵਾਰਨਾ ਵਿੱਤੀ ਚੋਣਾ, ਇਕਨਾਮਿਕਸ, ਕੰਪਿਊਟਰ, ਸੰਚਾਰ ਅਤੇ ਸਹਿਮਤੀ ਸਮੇਤ ਨਿੱਜੀ ਸੁਰੱਖਿਆ ਬਾਰੇ ਪੜ੍ਹਾਉਂਦਾ ਹੈ। ਉਹ ਅਸਲ ਦੁਨਿਆਵੀ ਹੁਨਰਾਂ ਬਾਰੇ ਸਿੱਖਣਗੇ, ਜਿਵੇਂ ਕਿ ਬੈਂਕਿੰਗ, ਬੱਜਟ ਬਣਾਉਣਾ, ਅਤੇ ਪੂੰਜੀ-ਨਿਵੇਸ਼ ਕਰਨਾਂ। ਇਹ ਇਕ ਸਿਹਤਮੰਦ ਜੀਵਨ-ਜਾਚ ਲਈ ਖੁਰਾਕ ਅਤੇ ਸਰੀਰਕ ਐਕਟਿਵਿਟੀ ਦੀ ਮਹੱਤਤਾ ਬਾਰੇ ਵੀ ਸਿਖਾਵੇਗਾ।

.

### ਵਿੱਤੀ ਸਾਖਰਤਾ

ਵਿੱਤੀ ਸਾਖਰਤਾ ਇਹ ਸਮਝਣ ਦੀ ਇਕ ਯੋਗਤਾ ਹੈ ਕਿ ਪੈਸਾ ਕਿਵੇਂ ਕੰਮ ਕਰਦਾ ਹੈ। ਇਸ ਵਿਚ ਪੈਸਾ ਕਮਾਉਣ, ਬਚਾਉਣ, ਨਿਵੇਸ਼ ਕਰਨ, ਖਰਚ ਕਰਨ ਅਤੇ ਪੈਸਾ ਉਧਾਰ ਲੈਣ ਦਾ ਗਿਆਨ ਅਤੇ ਹੁਨਰ ਵਿਕਸਤ ਕਰਨਾਂ ਸ਼ਾਮਲ ਹੈ।

ਪਹਿਲੀ ਵਾਰ, ਵਿੱਤੀ ਸਾਖਰਤਾ ਸਾਰੇ ਪਾਠਕ੍ਰਮ ਵਿਚ ਅਨਿਖੜਵੇਂ ਰੂਪ 'ਚ ਸ਼ਾਮਲ ਹੋਵੇਗੀ ਅਤੇ ਗਣਿਤ ਤੇ ਸਮਾਜਿਕ ਅਧਿਐਨ ਵਿਚ ਵਿਸ਼ੇਸ਼ ਤੌਰ 'ਤੇ ਪੜ੍ਹਾਈ ਜਾਵੇਗੀ। ਐਲਬਰਟਾ ਵਿਚ ਸਾਰੇ ਵਿਦਿਆਰਥੀਆਂ ਨੂੰ ਵੱਖ ਵੱਖ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਦੇ ਪ੍ਰਬੰਧਨ ਵਾਸਤੇ ਤਿਆਰ ਕਰਨ ਲਈ ਅਸਲ ਹੁਨਰ ਪੜ੍ਹਾਏ ਜਾਣਗੇ।

ਉਮਰ ਅਨੁਸਾਰ ਉਚਿੱਤ ਢੰਗ ਨਾਲ ਵਿਦਿਆਰਥੀ ਸਿੱਖਣਗੇ ਕਿ ਪੈਸੇ ਦਾ ਮੁੱਲ ਹੁੰਦਾ ਹੈ ਅਤੇ ਇਸ ਨਾਲ ਉਹ ਐਸੀਆਂ ਵਸਤਾਂ ਖਰੀਦ ਸਕਦੇ ਹਨ ਜਿੰਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ ਜਾਂ ਉਹ ਲੈਣੀਆਂ ਚਾਹੁੰਦੇ ਹਨ। ਉਹ ਪੈਸੇ ਦੇ ਪ੍ਰਬੰਧਨ ਦੀਆਂ ਮੂਲ ਗੱਲਾਂ ਨੂੰ ਸਿੱਖਣਗੇ, ਜਿੰਨ੍ਹਾਂ 'ਚ ਸ਼ਾਮਲ ਹੈ ਬੱਜਟ ਬਣਾਉਣਾ, ਬੱਚਤਾਂ ਕਰਨਾਂ, ਨਿਵੇਸ਼ ਕਰਨਾਂ ਅਤੇ ਪੈਸਾ ਉਧਾਰ ਲੈਣਾ।

ਪਾਠਕ੍ਰਮ ਬੁਨਿਆਦੀ ਆਰਥਿਕ ਸੰਕਲਪ ਪੜ੍ਹਾਵੇਗਾ ਜਿਵੇਂ ਕਿ ਲੋੜਾਂ ਅਤੇ ਚਾਹਤਾਂ, ਸਰੋਤ, ਲੇਬਰ, ਇੰਨੋਵੇਸ਼ਨ, ਟਰੇਡ ਅਤੇ ਪੂੰਜੀ।

ਇਹ ਵਿਚਾਰ ਗਲੋਬਲ ਆਰਥਿਕ ਪ੍ਰਬੰਧਾਂ ਦੀ ਸਮਝ ਬਣਾਉਣ ਵੱਲ ਲਿਜਾਣਗੇ। ਵਿਦਿਆਰਥੀ ਐਲਬਰਟਾ ਅਤੇ ਕੈਨੇਡਾ ਦੀ ਆਰਿਥਕਤਾ, ਭੂਤ ਅਤੇ ਵਰਤਮਾਨ, ਬਾਰੇ ਸਿੱਖਣਗੇ ਅਤੇ ਸਿੱਖਣਗੇ ਕਿ ਕਿਵੇਂ ਉੱਤਰੀ ਅਮਰੀਕਾ ਦੁਨੀਆਂ 'ਚ ਫਿੱਟ ਬੈਠਦਾ ਹੈ।

### ਕੰਪਿਊਟਰ ਸਾਇੰਸ

ਨਵਾਂ ਪਾਠਕ੍ਰਮ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਅਤੇ ਉਹ ਸਮੱਸਿਆਵਾਂ ਸੁਲਝਾਉਣ ਬਾਰੇ ਪੜ੍ਹਾਵੇਗਾ ਜਿੰਨ੍ਹਾਂ 'ਚ ਕੋਡਿੰਗ ਅਤੇ ਐਲਗੋਰਿਦਮ ਸ਼ਾਮਲ ਹੁੰਦੇ ਹਨ। ਉਹ ਸਮੱਸਿਆਵਾਂ ਦੇ ਹੱਲ ਡਿਜ਼ਾਇਨ



©2021 Government of Alberta | Published: March 2021 | Key Themes Fact Sheet: Page 1 of 2

ਸ਼੍ਰੇਣੀ: ਪਬਲਿਕ

Archived

ਕਰਨ ਲਈ ਐਲਗੋਰਿਦਮ, ਤਕਨਾਲੋਜੀ ਅਤੇ ਇੰਜਨੀਅਰਿੰਗ ਦੀ ਵਰਤੋਂ ਕਰਨਗੇ। ਵਿਦਿਆਰਥੀ ਸਿੱਖਣਗੇ ਕਿ ਕਿਵੇਂ ਕੰਪਿਊਟਰ, ਕੋਡਿੰਗ ਅਤੇ ਤਕਨਾਲੋਜੀ ਨੇ ਸਾਡੇ ਆਧੁਨਿਕ ਸਮਾਜ 'ਤੇ ਅਸਰ ਪਾਇਆ ਹੈ|.

## ਪਬਲਿਕ ਸਾਹਮਣੇ ਬੋਲਣਾ

ਵਿਦਿਆਰਥੀ ਸਿੱਖਣਗੇ ਕਿ ਕਿਵੇਂ ਪਬਲਿਕ ਸਾਹਮਣੇ ਬੋਲਣਾ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਸੰਚਾਰਕ ਬਣਾਉਣ ਦੇ ਯੋਗ ਬਣਾਉਂਦਾ ਹੈ। ਉਹ ਆਪਣੀ ਆਵਾਜ਼ ਦਾ ਕੰਟਰੋਲ, ਅੱਖ 'ਚ ਅੱਖ ਪਾ ਕੇ ਬੋਲਣਾ ਅਤੇ ਸ਼ਬਦਾਵਲੀ ਦੀ ਚੋਣ ਦਾ ਅਭਿਆਸ ਕਰਨਗੇ ਜੋ ਉਨ੍ਹਾਂ ਨੂੰ ਆਪਣਾ ਸੁਨੇਹਾ ਦੂਜੇ ਤੱਕ ਪੁਚਾਉਣ 'ਚ ਮਦਦ ਕਰਨਗੇ।

## ਸਹਿਮਤੀ

ਸਹਿਮਤੀ ਹੈਲਥ ਐਂਡ ਵੈੱਲਨੈੱਸ ਪਾਠਕ੍ਰਮ ਦੇ ਇਕ ਜ਼ਰੂਰੀ ਭਾਗ ਵਜੋਂ ਪੜ੍ਹਾਈ ਜਾਵੇਗੀ। ਸ਼ੁਰੂਆਤੀ ਸਾਲਾਂ 'ਚ ਵਿਦਿਆਰਥੀ ਸਿੱਖਣਗੇ ਕਿ ਨਿੱਜੀ ਹੱਦਬੰਦੀਆਂ ਸ਼ਬਦਾਂ ਅਤੇ ਕਾਰਜਾਂ ਦੁਆਰਾ ਦੱਸੀਆਂ ਜਾ ਸਕਦੀਆਂ ਹਨ ਅਤੇ ਇਹ ਕਿ ਸਹਿਮਤੀ ਇਨਕਾਰ ਅਤੇ ਆਗਿਆ ਨੂੰ ਸਪੱਸ਼ਟ ਰੂਪ 'ਚ ਪ੍ਰਗਟ ਕਰਨ ਦੁਆਰਾ ਸਥਾਪਤ ਕੀਤੀ ਜਾਂਦੀ ਹੈ।

ਮਗਰੋਂ  ਜਾ ਕੇ, ਵਿਦਿਆਰਥੀ ਵਧੇਰੇ ਸਪੱਸ਼ਟ ਰੂਪ 'ਚ ਸਿੱਖਣਗੇ ਕਿ ਜਿਨਸੀ ਕਾਰਜ ਕਦੇ ਵੀ ਜ਼ਬਰਦਸਤੀ ਜਾਂ ਵਿਅਕਤੀਆਂ ਲਈ ਅਣਸੁਖਾਵਾਂ ਨਹੀਂ ਹੋਣਾ ਚਾਹੀਦਾ, ਅਤੇ ਸਹਿਮਤੀ ਤੋਂ ਬਗੈਰ ਜਿਨਸੀ ਕਾਰਜ ਕਰਨਾਂ ਜਿਨਸੀ ਹਮਲਾ ਹੈ ਅਤੇ ਇਹ ਕਦੇ ਵੀ ਠੀਕ ਨਹੀਂ।

Archived